# ਆਰੀਆਭੱਟ ਕਾਲਜ ਦੇ ਬੀ.ਐੱਸ. ਸੀ. ਐਗਰੀਕਲਚਰ ਵਿਭਾਗ ਵਲੋਂ ਪੋਲਟਰੀ ਫਾਰਮ ਦਾ ਦੌਰਾ

ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਆਰੀਆਭੱਟਾ ਗਰੁੱਪ ਆਫ਼ ਇੰਸਟੀਚਿਊਟ, ਬਰਨਾਲਾ ਹਮੇਸ਼ਾ ਤੋਂ ਹੀ ਵਚਨਬੱਧ ਰਿਹਾ ਹੈ। ਜਿੱਥੇ ਵਿਦਿਆਰਥੀਆਂ ਨੂੰ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਪ੍ਰੈਕਟੀਕਲ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਉਹਨਾਂ ਦੀ ਪੜ੍ਹਾਈ ਦੇ ਨਾਲ ਸਬੰਧਿਤ ਅਦਾਰਿਆਂ ਦਾ ਦੌਰਾ ਕਰਵਾਇਆ ਜਾਂਦਾ ਹੈ। ਜਿਸਦੇ ਤਹਿਤ ਅੱਜ ਬੀ. ਐੱਸ. ਸੀ. ਐਗਰੀਕਲਚਰ ਵਿਭਾਗ ਦੇ ਵਿਦਿਆਰਥੀਆਂ ਵਲੋਂ ਸਹਿਜ ਪੋਲਟਰੀ ਫਾਰਮ ਉੱਗੋ ਕੇ ਦਾ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਮੁਰਗੀਆਂ ਦੀ ਸੰਭਾਲ, ਉਹਨਾਂ ਦੀ ਫੀਡ ਅਤੇ ਉਹਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਹਾਸਿਲ ਕੀਤੀ ਜੋ ਕਿ ਉਹਨਾਂ ਦੀ ਕਿਤਾਬੀ ਪੜ੍ਹਾਈ (ਪੋਲਟਰੀ ਫਾਰਮਿੰਗ) ਵਿਚ ਸਹਾਈ ਸਿੱਧ ਹੋਵੇਗੀ। ਵਿਦਿਆਰਥੀਆਂ ਵਿਚ ਇਸ ਦੌਰੇ ਦਾ ਬਹੁਤ ਉਤਸ਼ਾਹ ਦੇਖਣ ਨੂੰ ਪਾਇਆ ਗਿਆ ਅਤੇ ਉਹਨਾਂ ਨੇ ਕਾਲਜ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਸਾਹਿਬ ਦਾ ਧੰਨਵਾਦ ਕੀਤਾ, ਜਿਹਨਾਂ ਨੇ ਉਹਨਾਂ ਦੇ ਇਸ ਤਰ੍ਹਾਂ ਦੇ ਦੌਰੇ ਅਮਲ ਵਿਚ ਲਿਆਂਦੇ। ਪੋਲਟਰੀ ਫਾਰਮ ਦੇ ਪ੍ਰਬੰਧਕ ਸ੍ਰੀ ਜਸਵੀਰ ਸਿੰਘ ਉੱਪਲੀ ਨੇ ਵਿਦਿਆਰਥੀਆਂ ਨੂੰ ਪੋਲਟਰੀ ਫਾਰਮ ਦੀਆਂ ਬਾਰੀਕੀਆਂ ਬਾਰੇ ਸਮਝਾਇਆ। ਇਸ ਮੌਕੇ ਤੇ ਕਾਲਜ ਦੇ ਸਟਾਫ਼ ਪ੍ਰੋ. ਕੁਲਦੀਪ ਸਿੰਘ ਅਤੇ ਪ੍ਰੋ. ਜਸਪ੍ਰੀਤ ਕੌਰ ਵਿਦਿਆਰਥੀਆਂ ਨਾਲ ਮੌਜੂਦ ਸਨ।

Director
Aryabhatta College
Vill. Cheema-Jodhpur
Bazakhana Road,Barnala